# ਨਸ਼ਿਆਂ ਦੀ ਰੋਕਥਾਮ ਲਈ ਬਣੀ 'ਯਾਦ ਫਾਊਂਡੇਸ਼ਨ' ਦਾ ਬਾਬਾ ਸੇਵਾ ਸਿੰਘ ਵੱਲੋਂ ਉਦਘਾਟਨ








ਜਲੰਧਰ-ਪੰਜਾਬ ਵਿਚ ਵਧ ਰਹੀ ਨਸ਼ਿਆਂ ਦੀ ਲਤ ਨੂੰ ਨੱਥ ਪਾਉਣ ਅਤੇ ਨੌਜਵਾਨਾਂ ਨੂੰ ਨਸ਼ਿਆਂ ਕਾਰਨ ਹੋਣ ਵਾਲੇ ਸਰੀਰਕ, ਮਾਨਸਿਕ ਅਤੇ ਸਾਮਾਜਿਕ ਵਿਗਾੜਾਂ ਤੋਂ ਜਾਣੂ ਕਰਵਾਉਣ ਲਈ ਡਰੱਗ ਥੈਰਾਪਿਸਟ ਅਤੇ ਸਿੱਖ ਵਿਦਵਾਨ ਡਾ. ਰਘਬੀਰ ਸਿੰਘ ਬੈਂਸ ਦੀ ਅਗਵਾਈ 'ਚ ਨੌਜਵਾਨਾਂ ਵੱਲੋਂ ਜਲੰਧਰ ਵਿਖੇ 'ਯੂਥ ਅਗੇਂਸਟ ਅਲਕੋਹਲ-ਡਰੱਗਜ਼ ਫਾਊਂਡੇਸ਼ਨ' (ਯਾਦ ਫਾਊਂਡੇਸ਼ਨ) ਨਾਂ ਦੀ ਸੰਸਥਾ ਦਾ ਗਠਨ ਕੀਤਾ ਹੈ। ਇਸ ਸੰਸਥਾ ਵੱਲੋਂ ਜਿਥੇ ਨਸ਼ਿਆਂ ਦੇ ਬੁਰੇ ਅਸਰਾਂ ਤੋਂ ਨੌਜਵਾਨਾਂ ਨੂੰ ਜਾਣੂ ਕਰਵਾਉਣ ਲਈ ਸਾਹਿਤ ਵੰਡਿਆ ਜਾਵੇਗਾ, ਉਥੇ ਸੰਸਥਾ ਦੇ ਨੌਜਵਾਨਾਂ ਵੱਲੋਂ ਨਸ਼ਿਆਂ ਦੀ ਬਿਮਾਰੀ ਦਾ ਸ਼ਿਕਾਰ ਲੋਕਾਂ ਦੀ ਕੌਂਸਲਿੰਗ ਵੀ ਕੀਤੀ ਜਾਵੇਗੀ। ਇਸ ਫਾਊਂਡੇਸ਼ਨ ਦਾ ਉਦਘਾਟਨ ਹਾਲ ਹੀ ਵਿਚ ਪਦਮਸ੍ਰੀ ਨਾਲ ਸਨਮਾਨੇ ਗਏ ਵਾਤਾਵਰਣ ਪ੍ਰੇਮੀ ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਵੱਲੋਂ ਸਥਾਨਕ ਗੁਰੂ ਨਾਨਕ ਲਾਇਬਰੇਰੀ ਵਿਚ ਕੀਤਾ ਗਿਆ। ਆਪਣੇ ਸੰਬੋਧਨ ਵਿਚ ਬਾਬਾ ਜੀ ਨੇ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੁੱਖ ਦਾ ਸਾਹ ਦੇਣ ਲਈ ਹੁਣ ਤੋਂ ਹੀ ਨਸ਼ਿਆਂ 'ਤੇ ਕਾਬੂ ਪਾਉਣ ਲਈ ਸੁਹਿਰਦ ਯਤਨਾਂ ਦੀ ਲੋੜ ਹੈ।

## ☛ ਨਸ਼ੇ ਸਮਾਜ ਲਈ ਇਕ ਘਾਤਕ ਬਿਮਾਰੀ-ਡਾ. ਰਘਬੀਰ ਸਿੰਘ ਬੈਂਸ

ਡਾ. ਬੈਂਸ ਨੇ ਇਸ ਮੌਕੇ ਦੱਸਿਆ ਕਿ ਕਿਸੇ ਸਮੇਂ ਬਠਿੰਡਾ ਅਤੇ ਲੁਧਿਆਣਾ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਦਾ ਸ਼ਿਕਾਰ ਸਨ, ਪਰ ਮੌਜੂਦਾ ਸਮੇਂ ਪੰਜਾਬ ਵਿਚ ਅੰਮ੍ਰਿਤਸਰ ਇਸ ਬੁਰਾਈ ਵਿਚ ਸਭ ਤੋਂ ਅੱਗੇ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ 1873 'ਚ ਅਣਵੰਡੇ ਪੰਜਾਬ 'ਚ 10 ਲੱਖ ਰੁਪਏ ਦੀ ਸ਼ਰਾਬ ਸਾਲਾਨਾ ਵਿਕਦੀ ਸੀ, 1944 ਵਿਚ ਇਕ ਕਰੋੜ ਰੁਪਏ ਦੇ ਕਰੀਬ ਵਿਕੀ। ਉਨ੍ਹਾਂ ਦੱਸਿਆ ਕਿ 1966 'ਚ ਜਦੋਂ ਹਰਿਆਣਾ ਵੀ ਪੰਜਾਬ ਦਾ ਹੀ ਹਿੱਸਾ ਸੀ, ਉਦੋਂ ਸ਼ਰਾਬ ਦੀ ਸਾਲਾਨਾ ਵਿੱਕਰੀ 16 ਕਰੋੜ ਰੁਪਏ ਸੀ ਜੋ ਅੱਜ ਵਧ ਕੇ 28-29 ਕਰੋੜ ਰੁਪਏ ਤੱਕ ਪਹੁੰਚ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜੇਕਰ ਹੋਰਨਾਂ ਸੂਬਿਆਂ 'ਚੋਂ ਹੁੰਦੀ ਸਮਗਲਿੰਗ, ਗੈਰ ਕਾਨੂੰਨੀ ਸ਼ਰਾਬ ਅਤੇ ਪ੍ਰਵਾਸੀ ਪੰਜਾਬੀਆਂ ਵੱਲੋਂ ਬਾਹਰੋਂ ਲਿਆਂਦੀਆਂ ਜਾਂਦੀਆਂ ਬੋਤਲਾਂ ਦੀ ਗਿਣਤੀ ਨਾ ਵੀ ਕੀਤੀ ਜਾਵੇ ਤਾਂ ਵੀ ਪੰਜਾਬ ਵਿਚ ਪ੍ਰਤੀ ਵਿਅਕਤੀ ਦੇ ਹਿੱਸੇ ਸਾਲਾਨਾ 12 ਬੋਤਲਾਂ ਆਉਂਦੀਆਂ ਹਨ।

ਡਾ. ਬੈਂਸ ਨੇ ਕਿਹਾ ਕਿ ਸ਼ਰਾਬ ਨਾਲ ਜਿਥੇ ਦਿਮਾਗੀ ਤੇ ਮਾਨਸਿਕ ਕਮਜ਼ੋਰੀ ਆਉਂਦੀ ਹੈ ਉਥੇ ਪਰਿਵਾਰਕ ਜੀਵਨ 'ਚ ਵਿਗਾੜ, ਬਲਾਤਕਾਰ, ਜੁਰਮ, ਲੁੱਟ-ਖੋਹ ਅਤੇ ਸੜਕ ਦੁਰਘਟਨਾਵਾਂ ਪਿੱਛੇ ਵੀ ਕਿਤੇ ਨਾ ਕਿਤੇ ਨਸ਼ੇ ਅਸਰ ਅੰਦਾਜ਼ ਹੁੰਦੇ ਹਨ। ਫਾਊਂਡੇਸ਼ਨ ਦੇ ਪ੍ਰਧਾਨ ਜਸਵਿੰਦਰ ਸਿੰਘ ਨੇ ਵੀ ਸੰਸਥਾ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਜੇਕਰ ਕੋਈ ਵਿਅਕਤੀ ਯਾਦ ਫਾਊਂਡੇਸ਼ਨ ਦਾ ਮੈਂਬਰ ਬਣਨਾ ਚਾਹੁੰਦਾ ਹੈ ਤਾਂ ਉਹ ਫਾਊਂਡੇਸ਼ਨ ਦੀ ਵੈਬਸਾਈਟ 'www.yaadfoundation.com' 'ਤੇ ਆਪਣੇ ਆਪ ਨੂੰ ਰਜਿਸਟਰ ਕਰ ਸਕਦਾ ਹੈ। 'ਪੰਜਾਬੀ ਸੱਥ' ਲਾਂਬੜਾ ਦੇ ਡਾ. ਨਿਰਮਲ ਸਿੰਘ ਨੇ ਪੰਜਾਬ ਦੀ ਜਵਾਨੀ ਦੇ ਨਸ਼ਿਆਂ ਦੀ ਜਕੜ 'ਚ ਆਉਣ ਦੇ ਨਾਲ-ਨਾਲ ਭਰੂਣ ਹੱਤਿਆ ਵਰਗੀਆਂ ਸਮਾਜਿਕ ਅਲਾਮਤਾਂ ਬਾਰੇ ਵੇਰਵਿਆਂ ਸਹਿਤ ਵਿਚਾਰ ਪੇਸ਼ ਕੀਤੇ। ਇਸ ਮੌਕੇ ਸਿੱਖ ਮਿਸ਼ਨਰੀ ਕਾਲਜ ਦੀਆਂ ਬੱਚੀਆਂ ਤੋਂ ਇਲਾਵਾ ਸ: ਰਜਿੰਦਰ ਸਿੰਘ ਪੁਰੇਵਾਲ, ਪ੍ਰੋ. ਬਲਵਿੰਦਰਪਾਲ ਸਿੰਘ, ਸ. ਹਰਵਿੰਦਰ ਸਿੰਘ, ਅਕਾਲੀ ਆਗੂ ਜਗਜੀਤ ਸਿੰਘ ਗਾਬਾ, ਕੈਪਟਨ ਸਰਬਜੀਤ ਸਿੰਘ ਢਿਲੋਂ, ਦਲਜੀਤ ਸਿੰਘ ਰਤਨ, ਹਰਵਿੰਦਰ ਸਿੰਘ, ਮਨੂੰ ਸ਼ਰਮਾ, ਗੁਰਚਰਨ ਸਿੰਘ, ਪ੍ਮਾਤਮਾ ਸਿੰਘ, ਦਿਲਰਾਜ ਸਿੰਘ, ਪ੍ਰਮਿੰਦਰ ਸਿੰਘ, ਹਰਵਿੰਦਰ ਸਿੰਘ, ਮਨਦੀਪ ਸਿੰਘ ਖਾਲਸਾ ਅਤੇ ਹੋਰ ਸ਼ਖ਼ਸੀਅਤਾਂ ਵੀ ਹਾਜ਼ਰ ਸਨ।

# '84 ਦੇ ਸਿੱਖ ਕਤਲੇਆਮ ਨੇ ਸਿੱਖ ਬੀਬੀ ਨੂੰ ਬਣਾ'ਤਾ ਖਾੜਕੂ

☛ ਦਿੱਲੀ ਤੇ ਪੰਜਾਬ ਦੀਆਂ ਜੇਲ੍ਹਾਂ 'ਚ ਉਸ ਨੇ ਗੁਜ਼ਾਰੇ 10 ਸਾਲ ☛ ਜੇਲ੍ਹ 'ਚ ਰਹਿ ਕੇ ਹੀ ਬੀ.ਏ. ਤੇ ਐੱਮ.ਏ. ਗਣਿਤ ਦੀ ਪੜ੍ਹਾਈ ਪੂਰੀ ਕੀਤੀ



ਫ਼ਤਿਹਗੜ੍ਹ ਸਾਹਿਬ-'84 ਦੇ ਸਿੱਖ ਕਤਲੇਆਮ ਤੋਂ ਪੀੜਤ ਇੱਕ ਨੌਜਵਾਨ ਕੁੜੀ ਨੂੰ ਹਾਲਾਤ ਨੇ ਖੜਾਕੂ ਬਣਾ ਦਿੱਤਾ। ਨਿਰਪ੍ਰੀਤ ਕੌਰ ਉਰਫ਼ ਨੀਰੂ ਅੱਜ ਵੀ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਭੱਜ-ਨੱਠ ਕਰ ਰਹੀ ਹੈ। ਦਿੱਲੀ ਦੇ ਵੈਂਕਟੇਸ਼ਵਰ ਕਾਲਜ ਦੀ ਵਿਦਿਆਰਥਣ ਰਹੀ ਨਿਰਪ੍ਰੀਤ ਕੌਰ '84 ਵਿੱਚ ਹੋਏ ਸਿੱਖ ਕਤਲੇਆਮ ਦੀ ਪੀੜ ਅੱਜ ਵੀ ਮਹਿਸੂਸ ਕਰਦੀ ਹੈ। ਦਿੱਲੀ ਕੈਂਟ ਇਲਾਕੇ ਵਿੱਚ ਸਿੱਖ ਕਤਲੇਆਮ ਦੇ ਦੋਸ਼ੀ ਅਤੇ ਸਾਬਕਾ ਐੱਮ. ਪੀ. ਸੱਜਣ ਕੁਮਾਰ ਦੇ ਮਾਮਲੇ ਵਿੱਚ ਉਹ ਚਸ਼ਮਦੀਦ ਗਵਾਹ ਵੀ ਹੈ।

ਸਿੱਖ ਕਤਲੇਆਮ ਦੀ ਅੱਗ 'ਚ ਉਸ ਨੇ ਆਪਣੇ ਹੀ ਨਹੀਂ, ਬਲਕਿ ਦੂਜੇ ਕਈ ਸਿੱਖ ਪਰਿਵਾਰਾਂ ਨੂੰ ਉਜੜਦੇ ਦੇਖਿਆ ਸੀ। 1984 ਵਿੱਚ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹੋਏ ਸਿੱਖ ਕਤਲੇਆਮ ਸਮੇਂ ਨਿਰਪ੍ਰੀਤ ਕੌਰ ਵੈਂਕਟੇਸ਼ਵਰ ਕਾਲਜ ਤੋਂ ਬੀ.ਏ. ਕਰ ਰਹੀ ਸੀ, ਪਰੰਤੂ ਸਿੱਖ ਕਤਲੇਆਮ ਦੀ ਅੱਗ ਦੀਆਂ ਲਪਟਾਂ ਨੇ ਉਸ ਦਾ ਵਿਦਿਆਰਥੀ ਜੀਵਨ ਤਾਂ ਖੋਹ ਹੀ ਲਿਆ ਅਤੇ ਉਸ ਨੂੰ ਖਾੜਕੂ ਬਣਨ ਦੇ ਮੁਕਾਮ ਤੱਕ ਪਹੁੰਚਾ ਦਿੱਤਾ। ਦਿੱਲੀ ਵਿੱਚ ਪਰਿਵਾਰ ਦੇ ਬਰਬਾਦ ਹੋਣ ਤੋਂ ਬਾਅਦ ਉਸ ਨੂੰ ਕਿਸੇ ਤਰ੍ਹਾਂ ਪੰਜਾਬ ਪਹੁੰਚਾ ਦਿੱਤਾ ਗਿਆ। ਬਦਲੇ ਦੀ ਅੱਗ ਉਸ ਵਿੱਚ ਬਲਦੀ ਸੀ। ਉਹ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਸੰਪਰਕ ਵਿੱਚ ਆਈ, ਜਿੱਥੇ ਉਸ ਦੀ ਮੁਲਾਕਾਤ ਭਾਈ ਲਾਭ ਸਿੰਘ ਪੰਜਵੜ ਅਤੇ ਭਾਈ ਹਰਜਿੰਦਰ ਸਿੰਘ ਉਰਫ਼ ਜਿੰਦਾ ਵਰਗੇ ਸਿੰਘਾਂ ਨਾਲ ਹੋਈ। ਭਾਈ ਜਿੰਦੇ ਰਾਹੀਂ ਉਸ ਦਾ ਮੇਲ ਇੱਕ ਹੋਰ ਖਾੜਕੂ ਗੁਰਦੇਵ ਸਿੰਘ ਉਰਫ਼ ਰੋਸ਼ਨ ਲਾਲ ਵੈਰਾਗੀ ਨਾਲ ਹੋਇਆ ਜਿਸ ਦਾ ਬਾਅਦ ਵਿੱਚ ਨਿਰਪ੍ਰੀਤ ਕੌਰ ਨਾਲ 26 ਨਵੰਬਰ, 1986 ਨੂੰ ਇਸ ਸ਼ਰਤ 'ਤੇ ਵਿਆਹ ਹੋਇਆ ਕਿ ਉਹ ਉਸ ਦੇ ਪਰਿਵਾਰ ਦੇ ਹੋਏ ਕਤਲ ਦਾ ਬਦਲਾ ਲਵੇਗਾ, ਪਰੰਤੂ ਬਦਲਾ ਲੈਣ ਤੋਂ ਪਹਿਲਾਂ ਹੀ ਵੈਰਾਗੀ ਪੁਲੀਸ ਦੇ ਹੱਥੇ ਚੜ੍ਹ ਗਿਆ ਅਤੇ ਹਿਰਾਸਤ ਵਿੱਚ ਭੱਜਣ ਦੇ ਦੌਰਾਨ ਇੱਕ ਕਥਿਤ ਮੁਕਾਬਲੇ ਵਿੱਚ 'ਸ਼ਹੀਦ' ਹੋ ਗਿਆ।

ਨਿਰਪ੍ਰੀਤ ਅਨੁਸਾਰ ਪਤਨੀ ਤਾਂ ਮੈਂ ਬਣ ਗਈ, ਪਰੰਤੂ ਬਦਲਾ ਲੈਣ ਦੀ ਚਾਹਤ ਮੇਰੀ ਪੂਰੀ ਨਹੀਂ ਹੋ ਪਾਈ। ਅੱਠ ਦਸੰਬਰ ਨੂੰ ਵੈਰਾਗੀ ਦੇ ਫੜੇ ਜਾਣ ਤੋਂ ਬਾਅਦ ਨਿਰਪ੍ਰੀਤ ਕੌਰ ਪੰਜਾਬ ਚਲੀ ਗਈ। ਨਿਰਪ੍ਰੀਤ ਕੌਰ ਦੇ ਫ਼ਰਾਰ ਹੋਣ ਦੇ ਬਾਅਦ ਪੁਲੀਸ ਨੇ ਉਸ ਦੀ ਮਾਂ ਸੰਪੂਰਣਾ ਕੌਰ ਅਤੇ ਦੋਸਤ ਲਾਜਵੰਤੀ ਕੌਰ ਨੂੰ ਫੜ ਲਿਆ ਅਤੇ ਤੇਹਾੜ ਜੇਲ੍ਹ ਭੇਜ ਦਿੱਤਾ। ਲਾਜਵੰਤੀ ਦੇ ਪਿਤਾ ਗੁਰਦਿਆਲ ਸਿੰਘ ਵੀ ਦਿੱਲੀ ਦੰਗਿਆਂ ਵਿੱਚ ਮਾਰੇ ਗਏ ਸਨ। ਆਪਰੇਸ਼ਨ ਬਲੈਕ ਥੰਡਰ ਦੇ ਦੌਰਾਨ ਨਿਰਪ੍ਰੀਤ ਨੂੰ ਅੰਮ੍ਰਿਤਸਰ 'ਚ ਪੁਲੀਸ ਨੇ ਫੜ ਲਿਆ ਅਤੇ ਲੁਧਿਆਣਾ ਤੇ ਸੰਗਰੂਰ ਦੀਆਂ ਜੇਲ੍ਹਾਂ ਵਿੱਚ ਰੱਖਿਆ।

ਇਸ ਤੋਂ ਬਾਅਦ ਦਿੱਲੀ ਵਿੱਚ ਤਿਹਾੜ ਵਿੱਚ ਰੱਖਿਆ ਗਿਆ। ਪੰਜਾਬ ਅਤੇ ਦਿੱਲੀ ਦੀਆਂ ਜੇਲ੍ਹਾਂ ਵਿੱਚ ਉਸ ਨੇ ਦਸ ਸਾਲ ਕੱਟੇ ਹਨ। ਜੇਲ੍ਹ ਵਿੱਚ ਰਹਿ ਕੇ ਹੀ ਉਸ ਨੇ ਗਰੈਜੂਏਸ਼ਨ (ਨਾਲ ਮੈਡੀਕਲ) ਅਤੇ ਫਿਰ ਐੱਮ. ਏ. ਗਣਿਤ ਦੀ ਪੜ੍ਹਾਈ ਪੂਰੀ ਕੀਤੀ।

ਉਹ ਕਹਿੰਦੀ ਹੈ ਕਿ ਹੁਣ ਉਹ ਆਪਣੀ, ਆਪਣੇ ਪਰਿਵਾਰ ਅਤੇ ਬਾਕੀ ਦੇ ਸਿੱਖ ਕਤਲੇਆਮ ਪੀੜਤਾਂ ਦੀ ਲੜਾਈ ਆਪਣੇ ਸੰਗਠਨ ਜਸਟਿਸ ਫਾਰ ਵਿਕਟਮ ਦੇ ਜ਼ਰੀਏ ਲੜੇਗੀ। ਇਸ ਸੰਸਥਾ ਦੇ ਜ਼ਰੀਏ ਹੀ ਉਹ ਹੁਣ ਗ਼ਰੀਬ ਅਤੇ ਅਨਾਥ ਬੱਚਿਆਂ ਦੀ ਨਾ ਸਿਰਫ਼ ਸਹਾਇਤਾ ਕਰ ਰਹੀ ਹੈ ਬਲਕਿ ਉਹ ਉਨ੍ਹਾਂ ਨੂੰ ਪੜ੍ਹਾ ਵੀ ਰਹੀ ਹੈ।

ਲੰਡਨ ਦੇ ਹੰਸਲੋ ਇਲਾਕੇ ਵਿੱਚ ਵੱਡੇ-ਵੱਡੇ ਲੀਡਰਾਂ, ਪ੍ਰਸਿੱਧ ਗਾਇਕਾਂ ਅਤੇ ਸਨਮਾਨਯੋਗ ਹਸਤੀਆਂ ਦਾ ਇਕੋ ਇਕ ਪਸੰਦੀਦਾ ਹੋਟਲ

ਕਿੰਗਜ਼ਵੇ ਬਾਰ ਰੈਸਟੋਰੈਂਟ ਐਂਡ ਬੈਂਕਿਊਟ ਸੁਈਟ

ਵੰਨ ਸੁਵੰਨੇ ਸੁਆਦੀ ਦੇਸੀ ਖਾਣਿਆਂ ਵਿੱਚ ਉਮਰਾਓ ਅਟਵਾਲ ਦੇ 30 ਸਾਲਾ ਤਜਰਬੇ ਦਾ ਲਾਭ ਉਠਾਓ !!

200 ਮਹਿਮਾਨਾਂ ਤੱਕ ਲਈ ਹਾਲ ਮੁਫ਼ਤ!

*ਸਾਡੇ ਆਲੀਸ਼ਾਨ ਹਾਲ ਵਿੱਚ ਕਿਸੇ ਤਰ੍ਹਾਂ ਦਾ ਪ੍ਰੋਗਰਾਮ ਬੁੱਕ ਕਰਵਾਓ ਅਤੇ ਬੇਫਿਕਰ ਹੋ ਕੇ ਬੈਠ ਜਾਓ । ਸੁਆਦੀ ਤੇ ਵੰਨ-ਸੁਵੰਨੇ ਖਾਣਿਆਂ ਨਾਲ ਪ੍ਰਾਹੁਣਿਆਂ ਦੀ ਸੇਵਾ ਅਸੀਂ ਕਰਾਂਗੇ । ਖਾਣੇ ਅਤੇ ਸਾਫਟ ਡਰਿੰਕਸ ਦੇ ਬਹੁਤ ਵਾਜਬ ਭਾਅ ।*

ਕਿਸੇ ਤਰ੍ਹਾਂ ਦੀ ਪਾਰਟੀ ਲਈ ਸੋਮਵਾਰ ਤੋਂ ਵੀਰਵਾਰ ਖਾਣਾ ਸਾਡਾ ਅਤੇ ਹਾਲ ਮੁਫ਼ਤ

*Mon-Thursday We will Cater Food and Hall Free*

ਯੂ. ਕੇ. ਵਿੱਚ ਲੱਡੂਆਂ ਦੇ ਮਾਹਿਰ



ਉਮਰਾਓ ਅਟਵਾਲ ਅਤੇ ਵਰਿੰਦਰ ਸ਼ਰਮਾ (ਐਮ. ਪੀ.)

FULLY LICENCED

KINGSWAY BAR RESTAURANT & BANQUETING SUITE

270 BATH ROAD, HOUNSLOW
(OPP. HOUNSLOW WEST TUBE STATION)

TEL: 020 8570 8351
MOB: 07956 322 808